Victorian Equal Opportunity & Human Rights Commission

# ਗੁਪਤਤਾ ਨੀਤੀ

ਇਹ ਨੀਤੀ ਦੱਸਦੀ ਹੈ ਕਿ ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦਾ ਹੈ। ਇਹ ਇਹ ਵੀ ਦੱਸਦਾ ਹੈ ਕਿ ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਤੁਸੀਂ ਕੀ ਕਰ ਸਕਦੇ ਹੋ।

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦੇ ਹਾਂ

1. ਅਸੀਂ ਤੁਹਾਡੀ ਗੁਪਤਤਾ ਦੀ ਸੁਰੱਖਿਆ ਕਰਨ ਅਤੇ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਤਰ ਕਰਦੇ, ਨਜਿੱਠਦੇ ਅਤੇ ਸੁਰੱਖਿਅਤ ਕਰਦੇ ਹਾਂ ਇਸ ਬਾਰੇ ਸਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਲਈ ਵਚਨਬੱਧ ਹਾਂ। ਜੇਕਰ ਅਸੀਂ ਗਲਤੀਆਂ ਕਰਦੇ ਹਾਂ, ਤਾਂ ਅਸੀਂ ਉਹਨਾਂ ਨੂੰ ਜਿੰਨੀ ਜਲਦੀ ਹੋ ਸਕੇ ਠੀਕ ਕਰਾਂਗੇ।

## ਪਰਿਭਾਸ਼ਾਵਾਂ

2. ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ, ਸਥਿਤੀਆਂ 'ਤੇ ਨਿਰਭਰ ਕਰਦਿਆਂ, ਸਿਹਤ ਜਾਂ ਸੰਵੇਦਨਸ਼ੀਲ ਜਾਣਕਾਰੀ ਸਮੇਤ ਨਿੱਜੀ ਜਾਣਕਾਰੀ ਇਕੱਠੀ ਕਰ ਸਕਦਾ ਹੈ।
3. **ਨਿੱਜੀ ਜਾਣਕਾਰੀ:** ਕੋਈ ਵੀ ਅਜਿਹੀ ਜਾਣਕਾਰੀ ਜੋ ਕਿਸੇ ਵਿਅਕਤੀ ਦੀ ਸਨਾਖ਼ਤ ਕਰ ਸਕਦੀ ਹੈ ਜਿਵੇਂ ਕਿ ਨਾਮ, ਸੰਪਰਕ ਵੇਰਵੇ, ਫ਼ੋਟੋਆਂ ਜਾਂ ਬੈਂਕਿੰਗ ਡੇਟਾ।
4. **ਸਿਹਤ ਦੀ ਜਾਣਕਾਰੀ:**ਕਿਸੇ ਪਛਾਣਯੋਗ ਵਿਅਕਤੀ ਬਾਰੇ ਉਸਦੀ ਸਰੀਰਕ, ਮਾਨਸਿਕ ਜਾਂ ਮਨੋਵਿਗਿਆਨਕ ਸਿਹਤ ਜਾਂ ਅਪਾਹਜਤਾ ਬਾਰੇ ਜਾਣਕਾਰੀ ਜਾਂ ਉਹ ਸਿਹਤ ਸੇਵਾਵਾਂ ਕਿਵੇਂ ਪ੍ਰਦਾਨ ਕਰਨਾ ਚਾਹੁੰਦੇ ਹਨ।
5. **ਸੰਵੇਦਨਸ਼ੀਲ ਜਾਣਕਾਰੀ:** ਕਿਸੇ ਵਿਅਕਤੀ ਦੀ ਜਾਤ ਜਾਂ ਨਸਲ, ਰਾਜਨੀਤਿਕ ਜਾਂ ਧਾਰਮਿਕ ਵਿਸ਼ਵਾਸਾਂ ਜਾਂ ਮੈਂਬਰਸ਼ਿਪਾਂ, ਦਾਰਸ਼ਨਿਕ ਵਿਸ਼ਵਾਸਾਂ, ਜਿਨਸੀ ਤਰਜੀਹਾਂ ਜਾਂ ਅਭਿਆਸਾਂ, ਅਪਰਾਧਿਕ ਰਿਕਾਰਡ, ਜਾਂ ਟ੍ਰੇਡ ਯੂਨੀਅਨ ਮੈਂਬਰਸ਼ਿਪ ਬਾਰੇ ਜਾਣਕਾਰੀ।

## ਜਦੋਂ ਅਸੀਂ ਜਾਣਕਾਰੀ ਨਾਲ ਨਜਿੱਠਦੇ ਹਾਂ ਤਾਂ ਸਾਡੇ ਲਈ ਗੁਪਤਤਾ ਕਾਨੂੰਨ ਦੀ ਪਾਲਣਾ ਕਰਨੀ ਲਾਜ਼ਮੀ ਹੈ

6. *ਗੁਪਤਤਾ ਅਤੇ ਡੇਟਾ ਸੁਰੱਖਿਆ ਐਕਟ 2014* ਵਿਕਟੋਰੀਆ ਦੇ ਜਨਤਕ ਖੇਤਰ ਵਿੱਚ ਸਾਰੀ ਨਿੱਜੀ ਜਾਣਕਾਰੀ ਦੇ ਇਕੱਠੇ ਕੀਤਾ ਜਾਣ ਅਤੇ ਪ੍ਰਬੰਧਨ ਨੂੰ ਨਿਯੰਤ੍ਰਿਤ ਕਰਦਾ ਹੈ।  ਹੈਲਥ ਰਿਕਾਰਡ ਐਕਟ 2001 ਜਨਤਕ ਅਤੇ ਪ੍ਰਾਈਵੇਟ ਸੈਕਟਰਾਂ ਨੂੰ ਸਿਹਤ ਜਾਣਕਾਰੀ ਨੂੰ ਜ਼ਿੰਮੇਵਾਰੀ ਨਾਲ ਸੰਭਾਲਣ ਦੀ ਮੰਗ ਕਰਦਾ ਹੈ। ਸਾਨੂੰ ਨਿੱਜੀ ਜਾਣਕਾਰੀ ਨੂੰ ਧਿਆਨ ਨਾਲ ਸੰਭਾਲਣਾ ਚਾਹੀਦਾ ਹੈ ਅਤੇ ਅਣਅਧਿਕਾਰਤ ਪਹੁੰਚ, ਦੁਰਵਰਤੋਂ ਜਾਂ ਨੁਕਸਾਨ ਨੂੰ ਰੋਕਣਾ ਚਾਹੀਦਾ ਹੈ। ਇਹ ਕਾਨੂੰਨ ਸਾਨੂੰ ਸਿਰਫ਼ ਉਹ ਜਾਣਕਾਰੀ ਹੀ ਇਕੱਠੀ ਕਰਨ ਜਾਂ ਵਰਤਣ ਦੀ ਮੰਗ ਕਰਦੇ ਹਨ ਜੋ ਸਾਡੇ ਕੰਮ ਕਰਨ ਲਈ ਜ਼ਰੂਰੀ ਹੈ ਅਤੇ ਕਾਨੂੰਨ ਦੁਆਰਾ ਅਧਿਕਾਰਤ ਹੈ।

Level 3, 204 Lygon Street, Carlton Vic 3053
ਪੁੱਛ-ਗਿੱਛ ਲਾਈਨ: 1300 292 153
humanrightsvic.gov.au

7. ਕਦੇ-ਕਦਾਈਂ, ਕਾਨੂੰਨ ਸਾਨੂੰ ਕਿਸੇ ਹੋਰ ਕਾਰਨ ਕਰਕੇ ਨਿੱਜੀ ਜਾਣਕਾਰੀ ਦੀ ਵਰਤੋਂ ਕਰਨ ਜਾਂ ਪ੍ਰਦਾਨ ਕਰਨ ਦਾ ਅਧਿਕਾਰ ਦੇ ਸਕਦਾ ਹੈ। ਬਰਾਬਰ ਮੌਕੇ ਐਕਟ 2010 ਦੀ ਧਾਰਾ 176 ਸਾਡੇ ਸਟਾਫ਼ ਨੂੰ ਇਸ ਸੰਸਥਾ ਤੋਂ ਬਾਹਰਲੇ ਵਿਅਕਤੀਆਂ ਬਾਰੇ ਕਿਸੇ ਵੀ ਜਾਣਕਾਰੀ ਦਾ ਰਿਕਾਰਡ ਬਣਾਉਣ ਜਾਂ ਖੁਲਾਸਾ ਕਰਨ ਤੋਂ ਰੋਕਦੀ ਹੈ ਜੋ ਉਹ ਕੰਮ ਦੇ ਦੌਰਾਨ ਇਕੱਠੀ ਕਰਦੇ ਹਨ, ਜਦੋਂ ਤੱਕ:

– ਸਾਡੇ ਕੰਮਾਂ, ਸ਼ਕਤੀਆਂ ਅਤੇ ਕਰਤੱਵਾਂ ਦੀ ਕਾਰਗੁਜ਼ਾਰੀ ਲਈ ਰਿਕਾਰਡ ਰੱਖਣਾ ਜਾਂ ਖੁਲਾਸਾ ਕਰਨਾ ਜ਼ਰੂਰੀ ਨਹੀਂ ਹੈ

– ਕੋਈ ਅਦਾਲਤ ਸਾਨੂੰ ਅਪਰਾਧਿਕ ਕਾਰਵਾਈਆਂ ਦੇ ਕਾਰਨ ਜਾਣਕਾਰੀ ਦਾ ਖੁਲਾਸਾ ਕਰਨ ਦਾ ਹੁਕਮ ਨਹੀਂ ਦਿੰਦੀ ਹੈ।

– ਕੋਈ ਵਿਅਕਤੀ ਸਾਨੂੰ ਅਜਿਹਾ ਕਰਨ ਲਈ ਸਹਿਮਤੀ ਨਹੀਂ ਦਿੰਦਾ ਹੈ।

# ਜੋ ਜਾਣਕਾਰੀ ਅਸੀਂ ਇਕੱਠੀ ਕਰਦੇ ਹਾਂ ਅਤੇ ਅਸੀਂ ਇਸਨੂੰ ਕਿਉਂ ਇਕੱਠਾ ਕਰਦੇ ਹਾਂ

8. ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਇੱਕ ਖੁਦਮੁਖਤਿਆਰ ਕਾਨੂੰਨੀ ਸੰਸਥਾ ਹੈ ਜੋ ਮੁਫ਼ਤ ਟੈਲੀਫ਼ੋਨ ਪੁੱਛਗਿੱਛ ਲਾਈਨ ਅਤੇ ਵਿਵਾਦ ਨਿਪਟਾਰਾ ਸੇਵਾ ਪ੍ਰਦਾਨ ਕਰਦੀ ਹੈ। ਅਸੀਂ ਸਿੱਖਿਆ ਅਤੇ ਸਲਾਹਕਾਰੀ ਸੇਵਾਵਾਂ ਪ੍ਰਦਾਨ ਕਰਦੇ ਹਾਂ। ਅਸੀਂ ਬਰਾਬਰ ਮੌਕੇ ਐਕਟ 2010 ਅਤੇ ਚਾਰਟਰ ਨੂੰ ਸ਼ਾਮਲ ਕਰਨ ਵਾਲੇ ਕਾਨੂੰਨੀ ਮਾਮਲਿਆਂ ਵਿੱਚ ਦਖ਼ਲ ਦਿੰਦੇ ਹਾਂ। ਅਸੀਂ ਭੇਦਭਾਵ ਸੰਬੰਧੀ ਢਾਂਚਾਗਤ ਮੁੱਦਿਆਂ ਦੀ ਜਾਂਚ ਕਰ ਸਕਦੇ ਹਾਂ। ਅਸੀਂ ਗਾਹਕਾਂ ਅਤੇ ਹਿੱਤਧਾਰਕਾਂ ਨਾਲ ਮਿਲਕੇ ਕੰਮ ਕਰਦੇ ਹਾਂ। ਅਸੀਂ ਕਾਰਪੋਰੇਟ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ ਜਿਵੇਂ ਕਿ ਸਾਡੇ ਕੰਮ ਵਾਲੀ ਥਾਂ ਦੇ ਅੰਦਰ ਸਟਾਫ਼ ਦੀ ਭਰਤੀ ਅਤੇ ਸਟਾਫ਼ ਕਾਇਮ ਰੱਖਣਾ। ਇਸਦਾ ਮਤਲਬ ਹੈ ਕਿ ਸਾਡੇ ਕੋਲ ਪੁੱਛਗਿੱਛ ਕਰਨ ਵਾਲਿਆਂ ਅਤੇ ਸ਼ਿਕਾਇਤਕਰਤਾਵਾਂ, ਮੀਟਿੰਗਾਂ ਜਾਂ ਸਿੱਖਿਆ ਸੈਸ਼ਨਾਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ, ਮੁਕੱਦਮੇਬਾਜ਼ੀ ਵਿੱਚ ਸ਼ਾਮਲ ਧਿਰਾਂ, ਸਾਡੇ ਨਾਲ ਕੰਮ ਕਰਨ ਵਾਲੇ ਹਿੱਤਧਾਰਕਾਂ ਅਤੇ ਸਟਾਫ਼ ਦੇ ਮੈਂਬਰਾਂ ਬਾਰੇ ਜਾਣਕਾਰੀ ਹੈ। ਸਾਡੇ ਦੁਆਰਾ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦੀ ਕਿਸਮ ਸਾਡੇ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਸੇਵਾ 'ਤੇ ਨਿਰਭਰ ਕਰਦੀ ਹੈ। ਅਸੀਂ ਸਿਰਫ਼ ਆਪਣੇ ਕੰਮ ਨਾਲ ਜੁੜੀ ਜਾਣਕਾਰੀ ਇਕੱਠੀ ਕਰਾਂਗੇ। ਸਾਡੀ ਵੈੱਬਸਾਈਟ ਡੇਟਾ ਕਲੈਕਸ਼ਨ ਸਟੇਟਮੈਂਟ ਪੜ੍ਹੋ

9. ਅਸੀਂ ਭੇਦਭਾਵ, ਬਦਨਾਮੀ, ਪੀੜਤ ਅਤੇ ਜਿਨਸੀ ਸੋਸ਼ਣ ਬਾਰੇ ਪੁੱਛਗਿੱਛ ਕਰਨ ਵਾਲੇ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਾਂ। ਅਸੀਂ ਅਕਸਰ ਪੁੱਛਗਿੱਛ ਕਰਨ ਵਾਲਿਆਂ ਤੋਂ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ। ਉਦਾਹਰਨ ਲਈ, ਜੇਕਰ ਕੋਈ ਵਿਅਕਤੀ ਅਪਾਹਜਤਾ ਦੇ ਆਧਾਰ 'ਤੇ ਭੇਦਭਾਵ ਬਾਰੇ ਪੁੱਛ ਰਿਹਾ ਹੋਵੇ ਤਾਂ ਉਹ ਸਿਹਤ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

10. ਅਸੀਂ ਵਿਵਾਦਾਂ ਨੂੰ ਹੱਲ ਕਰਦੇ ਹਾਂ। ਇਸ ਵਿੱਚ ਸਹਾਇਤਾ ਕਰਨ ਲਈ, ਅਸੀਂ ਸ਼ਿਕਾਇਤ ਦਾ ਹੱਲ ਕਰਨ ਵਿੱਚ ਸਾਡੀ ਮੱਦਦ ਕਰਨ ਲਈ ਸੰਪਰਕ ਵੇਰਵੇ, ਕਿਸੇ ਰੁਜ਼ਗਾਰਦਾਤਾ ਅਤੇ ਸਹਿ-ਕਰਮਚਾਰੀਆਂ ਬਾਰੇ ਵੇਰਵੇ, ਡਾਕਟਰੀ ਸਥਿਤੀ, ਮਨੋਰੰਜਨ ਗਤੀਵਿਧੀਆਂ, ਪਰਿਵਾਰ, ਅਤੇ ਕਿਸੇ ਦੇ ਨਿੱਜੀ ਹਾਲਾਤਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰ ਸਕਦੇ ਹਾਂ। ਅਸੀਂ ਕਈ ਵਾਰ ਭੇਦਭਾਵ, ਬਦਨਾਮੀ ਜਾਂ ਪੀੜਤ ਕੀਤੇ ਜਾਣ ਬਾਰੇ ਵਿਵਾਦਾਂ ਨੂੰ ਹੱਲ ਕਰਨ ਲਈ ਸੰਵੇਦਨਸ਼ੀਲ ਜਾਣਕਾਰੀ ਮੰਗਦੇ ਹਾਂ। ਸੰਵੇਦਨਸ਼ੀਲ ਜਾਣਕਾਰੀ ਪ੍ਰਦਾਨ ਕਰਨਾ ਹਮੇਸ਼ਾ ਵਿਕਲਪਿਕ ਹੁੰਦਾ ਹੈ।

11. ਅਸੀਂ ਸਿਖਲਾਈ ਜਾਂ ਭਾਈਚਾਰਕ ਸਲਾਹ-ਮਸ਼ਵਰੇ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਤੋਂ ਜਾਣਕਾਰੀ ਇਕੱਠੀ ਕਰਦੇ ਹਾਂ। ਉਦਾਹਰਨ ਲਈ, ਅਸੀਂ ਹਾਜ਼ਰ ਲੋਕਾਂ ਦੇ ਨਾਮ, ਕੰਮ ਵਾਲੀ ਥਾਂ, ਟੈਲੀਫ਼ੋਨ ਨੰਬਰ ਅਤੇ ਈਮੇਲ ਪਤੇ ਇਕੱਠੇ ਕਰਦੇ ਹਾਂ। ਸਾਡੇ ਕੋਲ ਖ਼ੁਰਾਕ ਸੰਬੰਧੀ ਲੋੜਾਂ ਅਤੇ ਅਪੰਗਤਾ ਬਾਰੇ ਵੀ ਜਾਣਕਾਰੀ ਹੋ ਸਕਦੀ ਹੈ, ਜੇਕਰ ਸਾਨੂੰ ਕਿਸੇ ਸੈਸ਼ਨ ਵਿੱਚ ਕਿਸੇ ਵਿਅਕਤੀ ਦੀ ਭਾਗੀਦਾਰੀ ਦਾ ਸਮਰਥਨ ਕਰਨ ਲਈ ਵਾਜਬ ਪ੍ਰਬੰਧ ਕਰਨ ਦੀ ਲੋੜ ਪੈਂਦੀ ਹੈ।

12. ਅਸੀਂ ਸਟਾਫ਼ ਦੇ ਨਾਲ-ਨਾਲ ਸੰਭਾਵੀ ਉਮੀਦਵਾਰਾਂ ਤੋਂ ਜਾਣਕਾਰੀ ਇਕੱਠੀ ਕਰਦੇ ਹਾਂ ਜੋ ਨੌਕਰੀਆਂ ਲਈ ਅਰਜ਼ੀ ਦਿੰਦੇ ਹਨ, ਉਦਾਹਰਨ ਲਈ, ਨਾਮ, ਪਤੇ ਅਤੇ ਡਾਕਟਰੀ ਸਥਿਤੀਆਂ। (ਉਦਾਹਰਨ ਵਜੋਂ, ਸਾਡੇ ਕੋਲ ਅਜਿਹੇ ਸਟਾਫ਼ ਮੈਂਬਰ ਦੀ ਅਪੰਗਤਾ ਬਾਰੇ ਜਾਣਕਾਰੀ ਹੁੰਦੀ ਹੈ ਜਿਸ ਲਈ ਕੰਮ ਵਾਲੀ ਥਾਂ 'ਤੇ ਵਾਜਬ ਪ੍ਰਬੰਧ ਕਰਨ ਦੀ ਲੋੜ ਹੁੰਦੀ ਹੈ।)

13. ਜਾਣਕਾਰੀ ਇਕੱਠੀ ਕਰਦੇ ਸਮੇਂ, ਅਸੀਂ ਤੁਹਾਨੂੰ ਇਹ ਸਲਾਹ ਦੇਣ ਲਈ ਉਚਿਤ ਕਦਮ ਚੁੱਕਾਂਗੇ ਕਿ ਅਸੀਂ ਕਿਹੜੀ ਜਾਣਕਾਰੀ ਦੀ ਮੰਗ ਕਰ ਰਹੇ ਹਾਂ ਅਤੇ ਅਸੀਂ ਇਸ ਜਾਣਕਾਰੀ ਦੀ ਮੰਗ ਕਿਉਂ ਕਰ ਰਹੇ ਹਾਂ। ਅਸੀਂ ਤੁਹਾਨੂੰ ਦੱਸਾਂਗੇ ਕਿ ਕੀ ਕਿਸੇ ਕਾਨੂੰਨ ਲਈ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੈ ਅਤੇ ਇਸ ਨੂੰ ਪ੍ਰਦਾਨ ਨਾ ਕਰਨ ਦੇ ਨਤੀਜੇ ਕੀ ਹਨ, ਜੇ ਕੋਈ ਹਨ। ਜ਼ਿਆਦਾਤਰ ਮਾਮਲਿਆਂ ਵਿੱਚ, ਜਾਣਕਾਰੀ ਪ੍ਰਦਾਨ ਕਰਨਾ ਵਿਕਲਪਿਕ ਹੋਵੇਗਾ। ਹਾਲਾਂਕਿ, ਇਹ ਉਸ ਸੇਵਾ ਨੂੰ ਸੀਮਤ ਕਰ ਸਕਦਾ ਹੈ ਜੋ ਅਸੀਂ ਪ੍ਰਦਾਨ ਕਰ ਸਕਦੇ ਹਾਂ।

14. ਅਸੀਂ ਰਿਸੈਪਸ਼ਨ, ਹਾਲਵੇਅ ਅਤੇ ਲਿਫਟਾਂ ਸਮੇਤ ਸਾਡੇ ਜਨਤਕ ਖੇਤਰਾਂ ਵਿੱਚ ਗਤੀਵਿਧੀ ਦੀ ਨਿਗਰਾਨੀ ਅਤੇ ਰਿਕਾਰਡ ਕਰਨ ਲਈ ਕਲੋਜ਼ਡ ਸਰਕਟ ਟੈਲੀਵਿਜ਼ਨ (CCTV) ਦੀ ਵਰਤੋਂ ਕਰਦੇ ਹਾਂ। ਪਾਰਟੀ ਜਾਂ ਇੰਟਰਵਿਊ ਰੂਮ, ਟਾਇਲਟ ਜਾਂ ਟ੍ਰੇਨਿੰਗ ਰੂਮ ਵਿੱਚ ਕੋਈ CCTV ਨਹੀਂ ਹੈ। ਅਸੀਂ ਆਉਣ-ਜਾਣ ਵਾਲਿਆਂ ਅਤੇ ਸਟਾਫ਼ ਲਈ ਇੱਕ ਸੁਰੱਖਿਅਤ ਅਤੇ ਮਹਿਫੂਜ਼ ਮਾਹੌਲ ਪ੍ਰਦਾਨ ਕਰਨ ਅਤੇ ਸਾਡੀ ਜਾਇਦਾਦ ਦੀ ਸੁਰੱਖਿਆ ਲਈ CCTV ਦੀ ਵਰਤੋਂ ਕਰਦੇ ਹਾਂ। ਜੇਕਰ ਅਸੀਂ ਸੋਚਦੇ ਹਾਂ ਕਿ ਸਾਡੇ ਸਥਾਨ 'ਤੇ ਕਿਸੇ ਵਿਅਕਤੀ ਨੇ ਕੋਈ ਜੁਰਮ ਕੀਤਾ ਹੈ, ਤਾਂ ਸਾਨੂੰ ਇਸਦੀ ਜਾਂਚ ਕਰਨ ਲਈ ਪੁਲਿਸ ਨੂੰ CCTV ਤੋਂ ਰਿਕਾਰਡ ਕੀਤੀਆਂ ਤਸਵੀਰਾਂ ਪ੍ਰਦਾਨ ਕਰਨ ਦੀ ਲੋੜ ਹੋ ਸਕਦੀ ਹੈ।

# ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ

15. ਅਸੀਂ ਨਿੱਜੀ ਜਾਣਕਾਰੀ ਦੀ ਵਰਤੋਂ ਉਹਨਾਂ ਉਦੇਸ਼ਾਂ ਲਈ ਕਰਦੇ ਹਾਂ ਜਿਸ ਲਈ ਇਹ ਪ੍ਰਦਾਨ ਕੀਤੀ ਗਈ ਸੀ। ਅਸੀਂ ਸੰਬੰਧਿਤ ਵਰਤੋਂ ਲਈ ਵਿਵਾਦਾਂ, ਜਾਂਚਾਂ ਅਤੇ ਪੁੱਛਗਿੱਛਾਂ ਤੋਂ ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਵੀ ਕਰਦੇ ਹਾਂ। ਉਦਾਹਰਨ ਲਈ, ਖੋਜ, ਸਿੱਖਿਆ ਜਾਂ ਸਾਡੀਆਂ ਗਤੀਵਿਧੀਆਂ ਬਾਰੇ ਜਨਤਕ ਤੌਰ 'ਤੇ ਰਿਪੋਰਟਿੰਗ ਕਰਨ ਲਈ। ਹਾਲਾਂਕਿ, ਅਸੀਂ ਇਸ ਤਰੀਕੇ ਨਾਲ ਜਾਣਕਾਰੀ ਦਾ ਖੁਲਾਸਾ ਨਹੀਂ ਕਰਾਂਗੇ ਜੋ ਕਿਸੇ ਵਿਅਕਤੀ ਜਾਂ ਸੰਸਥਾ ਦੀ ਪਛਾਣ ਕਰ ਸਕੇ, ਜਦੋਂ ਤੱਕ ਵਿਅਕਤੀ ਜਾਂ ਸੰਸਥਾ ਇਸ ਨਾਲ ਸਹਿਮਤ ਨਹੀਂ ਹੁੰਦਾ ਹੈ।

16. ਕੁੱਝ ਸੀਮਤ ਹਾਲਾਤ ਹੁੰਦੇ ਹਨ ਜਦੋਂ ਅਸੀਂ ਜਾਣਕਾਰੀ ਜਾਰੀ ਕਰ ਸਕਦੇ ਹਾਂ। ਉਦਾਹਰਨ ਲਈ, ਜੇ ਕੋਈ ਅਦਾਲਤ ਸਾਨੂੰ ਅਜਿਹਾ ਕਰਨ ਦਾ ਹੁਕਮ ਦਿੰਦੀ ਹੈ ਤਾਂ ਸਾਡੇ ਲਈ ਜਾਣਕਾਰੀ ਦਾ ਖੁਲਾਸਾ ਕਰਨਾ ਕਾਨੂੰਨੀ ਹੋ ਸਕਦਾ ਹੈ।

# ਅਸੀਂ ਤੁਹਾਡੀ ਜਾਣਕਾਰੀ ਨੂੰ ਕਿਵੇਂ ਸੁਰੱਖਿਅਤ ਰੱਖਦੇ ਹਾਂ

17. ਅਸੀਂ ਤੁਹਾਡੀ ਜਾਣਕਾਰੀ ਨੂੰ ਨੁਕਸਾਨ, ਦੁਰਵਰਤੋਂ, ਅਣ-ਅਧਿਕਾਰਤ ਪਹੁੰਚ, ਸੋਧ ਜਾਂ ਖੁਲਾਸੇ ਨੂੰ ਰੋਕਣ ਲਈ ਬਹੁਤ ਧਿਆਨ ਨਾਲ ਸੰਭਾਲਦੇ ਹਾਂ।

18. ਅਸੀਂ *ਪਬਲਿਕ ਰਿਕਾਰਡ ਐਕਟ 1973* ਦੇ ਅਨੁਸਾਰ ਜਾਣਕਾਰੀ ਨੂੰ ਸਟੋਰ ਅਤੇ ਆਰਕਾਈਵ ਕਰਦੇ ਹਾਂ।

19. ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵਿਕਟੋਰੀਅਨ ਪ੍ਰੋਟੈਕਟਿਵ ਡੇਟਾ ਸੁਰੱਖਿਆ ਮਿਆਰਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹਨਾਂ ਮਿਆਰਾਂ ਲਈ ਜਨਤਕ ਖੇਤਰ ਦੀਆਂ ਸੰਸਥਾਵਾਂ ਨੂੰ ਨਿੱਜੀ ਜਾਣਕਾਰੀ ਦੇ ਪ੍ਰਬੰਧਨ ਵਿੱਚ ਸੁਰੱਖਿਆ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਲਈ ਮਿਆਰਾਂ ਦੇ ਇੱਕ ਸਮੂਹ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਸਾਡੇ ਕੋਲ ਇੱਕ ਯੋਜਨਾ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਕਿਵੇਂ ਕੰਮ ਕਰਾਂਗੇ ਕਿ ਅਸੀਂ ਮਿਆਰਾਂ ਨੂੰ ਪੂਰਾ ਕਰਦੇ ਹਾਂ। ਇਹ ਮਿਆਰ ਇਸ ਨਾਲ ਸੰਬੰਧਿਤ ਹਨ:

- ਅਸੀਂ ਜਾਣਕਾਰੀ ਨੂੰ ਸੰਭਾਲਣ ਲਈ ਫਰੇਮਵਰਕ ਅਤੇ ਪ੍ਰਕਿਰਿਆਵਾਂ ਨੂੰ ਕਿਵੇਂ ਬਣਾਉਂਦੇ ਅਤੇ ਪ੍ਰਬੰਧਿਤ ਕਰਦੇ ਹਾਂ।
- ਅਸੀਂ ਜਾਣਕਾਰੀ ਨੂੰ ਅਣ-ਅਧਿਕਾਰਤ ਪਹੁੰਚ, ਵਰਤੋਂ, ਸੋਧ ਜਾਂ ਨੁਕਸਾਨ ਤੋਂ ਕਿਵੇਂ ਸੁਰੱਖਿਅਤ ਕਰਦੇ ਹਾਂ।
- ਸੁਰੱਖਿਆ ਨੂੰ ਉਤਸ਼ਾਹਿਤ ਕਰਨ ਲਈ ਸੂਚਨਾ ਸੰਚਾਰ ਤਕਨਾਲੋਜੀ ਦੁਆਰਾ ਚੁੱਕੇ ਗਏ ਉਪਾਅ।

– ਸਟਾਫ਼ ਦੀ ਪਹੁੰਚ ਦੀ ਦੁਰਵਰਤੋਂ ਕਰਨ ਦੇ ਖ਼ਤਰੇ ਦਾ ਪ੍ਰਬੰਧਨ ਕਰਨ ਲਈ ਰਣਨੀਤੀਆਂ ਜੋ ਉਹਨਾਂ ਕੋਲ ਜਾਣਕਾਰੀ ਤੱਕ ਹੈ ਜੋ ਉਹ ਆਪਣੇ ਕੰਮ ਦੇ ਦੌਰਾਨ ਸੰਭਾਲਦੇ ਹਨ।

– ਅਸੀਂ ਆਪਣੇ ਸਟਾਫ਼, ਇਮਾਰਤਾਂ, ਇਲੈਕਟ੍ਰਾਨਿਕ ਪ੍ਰਣਾਲੀਆਂ ਅਤੇ ਫਾਈਲਾਂ ਨੂੰ ਨਿੱਜੀ ਜਾਣਕਾਰੀ ਤੱਕ ਅਣ-ਅਧਿਕਾਰਤ ਪਹੁੰਚ ਤੋਂ ਕਿਵੇਂ ਸੁਰੱਖਿਅਤ ਕਰਦੇ ਹਾਂ।

20. ਇਸਦਾ ਮਤਲਬ ਹੈ ਕਿ ਅਸੀਂ ਜਾਣਕਾਰੀ ਦੀ ਸੁਰੱਖਿਆ ਲਈ ਪਹੁੰਚ ਨਿਯੰਤਰਣਾਂ ਅਤੇ ਬੈਕਅੱਪ ਪ੍ਰਣਾਲੀਆਂ ਦੇ ਨਾਲ ਪ੍ਰਕਿਰਿਆਤਮਕ, ਭੌਤਿਕ, ਸੌਫਟਵੇਅਰ ਅਤੇ ਹਾਰਡਵੇਅਰ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦੇ ਹਾਂ। ਅਸੀਂ ਆਪਣੀਆਂ ਇਮਾਰਤਾਂ ਅਤੇ ਪ੍ਰਣਾਲੀਆਂ ਤੱਕ ਪਹੁੰਚ ਨੂੰ ਸੀਮਤ ਕਰਦੇ ਹਾਂ। ਅਸੀਂ ਆਪਣੇ ਸਾਰੇ ਸਟਾਫ਼ ਨੂੰ ਜਾਣਕਾਰੀ ਨੂੰ ਧਿਆਨ ਨਾਲ ਸੰਭਾਲਣ ਅਤੇ ਸਿਰਫ਼ ਉਹੀ ਜਾਣਕਾਰੀ ਪ੍ਰਾਪਤ ਕਰਨ ਦੀ ਮੰਗ ਕਰਦੇ ਹਾਂ ਜੋ ਉਹਨਾਂ ਨੂੰ ਆਪਣਾ ਕੰਮ ਕਰਨ ਲਈ ਲੋੜੀਂਦੀ ਹੁੰਦੀ ਹੈ। ਸਾਡੇ ਕੋਲ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਬਣਾਈਆਂ ਗਈਆਂ ਯੋਜਨਾਵਾਂ ਅਤੇ ਪ੍ਰਕਿਰਿਆਵਾਂ ਹਨ।

# ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਠੀਕ ਕਰਨ ਦਾ ਅਧਿਕਾਰ ਹੈ

21. ਜੇਕਰ ਤੁਸੀਂ ਆਪਣੀ ਜਾਣਕਾਰੀ ਤੱਕ ਪਹੁੰਚ ਕਰਨਾ ਚਾਹੁੰਦੇ ਹੋ ਜਾਂ ਤੁਹਾਨੂੰ ਲੱਗਦਾ ਹੈ ਕਿ ਜਾਣਕਾਰੀ ਗਲਤ ਹੈ ਅਤੇ ਇਸਨੂੰ ਠੀਕ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਉਸ ਸਟਾਫ਼ ਮੈਂਬਰ ਨਾਲ ਸੰਪਰਕ ਕਰੋ ਜਿਸ ਨਾਲ ਤੁਸੀਂ ਕੰਮ ਕਰ ਰਹੇ ਹੋ। ਤੁਸੀਂ ਸਾਡੇ FOI ਅਫ਼ਸਰ ਨਾਲ foi@veohrc.vic.gov.au 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਨੂੰ 1300 891 848 'ਤੇ ਫ਼ੋਨ ਕਰ ਸਕਦੇ ਹੋ।

22. ਅਸੀਂ ਤੁਹਾਨੂੰ ਸੂਚਨਾ ਦੀ ਆਜ਼ਾਦੀ ਐਕਟ 1982 ਦੇ ਤਹਿਤ ਜਾਣਕਾਰੀ ਪ੍ਰਦਾਨ ਕਰਾਂਗੇ ਜਾਂ ਵਧੇਰੇ ਰਸਮੀ ਬੇਨਤੀ ਕਰਨ ਵਿੱਚ ਤੁਹਾਡੀ ਮੱਦਦ ਕਰਾਂਗੇ।

# ਤੁਸੀਂ ਸਾਡੀਆਂ ਕੁੱਝ ਸੇਵਾਵਾਂ ਤੱਕ ਗੁੰਮਨਾਮ ਰੂਪ ਵਿੱਚ ਪਹੁੰਚ ਕਰ ਸਕਦੇ ਹੋ।

23. ਤੁਸੀਂ ਸਾਡੀ ਵੈੱਬਸਾਈਟ ਤੋਂ ਜਾਣਕਾਰੀ ਬ੍ਰਾਊਜ਼ ਕਰਕੇ ਅਤੇ ਪ੍ਰਾਪਤ ਕਰਕੇ ਗੁੰਮਨਾਮ ਤੌਰ 'ਤੇ ਸਾਡੀਆਂ ਕੁੱਝ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ। ਤੁਸੀਂ ਇਹ ਵੀ ਚੁਣ ਸਕਦੇ ਹੋ ਕਿ ਕੀ ਔਨਲਾਈਨ ਫਾਰਮ ਵਿੱਚ ਜਾਣਕਾਰੀ ਪ੍ਰਦਾਨ ਕਰਨੀ ਹੈ ਜਾਂ ਨਹੀਂ।

24. ਸਾਡੇ ਨਾਲ ਸੰਪਰਕ ਕਰਨ ਵਾਲੇ ਕੁੱਝ ਲੋਕ ਅਗਿਆਤ ਰਹਿਣਾ ਚਾਹ ਸਕਦੇ ਹਨ। ਅਸੀਂ ਇਹਨਾਂ ਹਾਲਾਤਾਂ ਵਿੱਚ ਪਛਾਣ ਦੇ ਵੇਰਵੇ ਇਕੱਠੇ ਨਹੀਂ ਕਰਦੇ ਹਾਂ। ਕੁੱਝ ਮਾਮਲਿਆਂ ਵਿੱਚ, ਹਾਲਾਂਕਿ, ਅਸੀਂ ਕੁੱਝ ਨਿੱਜੀ ਜਾਣਕਾਰੀ ਇਕੱਤਰ ਕੀਤੇ ਬਿਨਾਂ ਕਿਸੇ ਵਿਅਕਤੀ ਦੀ ਸਹਾਇਤਾ ਕਰਨ ਵਿੱਚ ਅਸਮਰੱਥ ਹੋਵਾਂਗੇ। ਉਦਾਹਰਨ ਲਈ, ਇੱਕ ਸ਼ਿਕਾਇਤਕਰਤਾ ਨੂੰ ਆਪਣੀ ਅਤੇ ਇੱਕ ਵਿਅਕਤੀ ਜਾਂ ਸੰਸਥਾ ਦੀ ਪਛਾਣ ਦੱਸਣ ਦੀ ਲੋੜ ਹੁੰਦੀ ਹੈ ਜਿਸਨੂੰ ਉਹ ਜ਼ਿੰਮੇਵਾਰ ਮੰਨਦੇ ਹਨ ਜੇਕਰ ਉਹ ਵਿਵਾਦ ਨਿਪਟਾਰਾ ਸੇਵਾਵਾਂ ਤੱਕ ਪਹੁੰਚ ਕਰਨਾ ਚਾਹੁੰਦੇ ਹਨ।

# ਅਸੀਂ ਵਿਲੱਖਣ ਪਛਾਣਕਰਤਾਵਾਂ ਦੀ ਵਰਤੋਂ ਕਰਦੇ ਹਾਂ

25. ਅਸੀਂ ਭੇਦਭਾਵ ਬਾਰੇ ਸ਼ਿਕਾਇਤ ਕਰਨ ਦੇ ਚਾਹਵਾਨ ਹਰੇਕ ਵਿਅਕਤੀ ਲਈ ਇੱਕ ਹਵਾਲਾ ਨੰਬਰ ਬਣਾਉਂਦੇ ਹਾਂ। ਹਵਾਲਾ ਨੰਬਰ ਸਾਨੂੰ ਭੇਦਭਾਵ, ਜਿਨਸੀ ਪਰੇਸ਼ਾਨੀ, ਬਦਨਾਮੀ ਜਾਂ ਪੀੜਤ ਕੀਤੇ ਜਾਣ ਬਾਰੇ ਕੀਤੀਆਂ ਸ਼ਿਕਾਇਤਾਂ ਦਾ ਰਿਕਾਰਡ ਰੱਖਣ ਅਤੇ ਹਿੱਤਾਂ ਦੇ ਟਕਰਾਅ ਤੋਂ ਬਚਾਉਂਦੇ ਹਨ। ਅਸੀਂ ਹੋਰ ਸੰਸਥਾਵਾਂ ਨਾਲ ਹਵਾਲਾ ਨੰਬਰ ਸਾਂਝੇ ਨਹੀਂ ਕਰਦੇ ਹਾਂ।

# ਵਿਕਟੋਰੀਆ ਤੋਂ ਬਾਹਰ ਜਾਣਕਾਰੀ ਭੇਜਣਾ

26. ਉਦਾਹਰਨ ਲਈ ਹੋਰ ਏਜੰਸੀਆਂ ਨਾਲ ਮੀਟਿੰਗਾਂ ਤੈਅ ਕਰਨ ਦੇ ਉਦੇਸ਼ਾਂ ਲਈ ਸਟਾਫ਼ ਬਾਰੇ ਘੱਟੋ-ਘੱਟ ਨਿੱਜੀ ਜਾਣਕਾਰੀ ਤੋਂ ਇਲਾਵਾ ਅਸੀਂ ਆਮ ਤੌਰ 'ਤੇ ਵਿਕਟੋਰੀਆ ਤੋਂ ਬਾਹਰ ਨਿੱਜੀ ਜਾਣਕਾਰੀ ਨਹੀਂ ਭੇਜਦੇ ਹਾਂ। ਅਸਧਾਰਨ ਮਾਮਲਿਆਂ ਵਿੱਚ, ਅਸੀਂ ਵਿਕਟੋਰੀਆ ਤੋਂ ਬਾਹਰ ਰਹਿੰਦੇ ਜਨਤਾ ਦੇ ਮੈਂਬਰਾਂ ਬਾਰੇ ਜਾਣਕਾਰੀ ਭੇਜ ਸਕਦੇ ਹਾਂ, ਉਦਾਹਰਨ ਲਈ, ਜੇ ਅਸੀਂ ਇੱਕ ਅਜਿਹੇ ਵਿਵਾਦ ਦਾ ਨਿਪਟਾਰਾ ਕਰ ਰਹੇ ਹਾਂ ਜਿਸ ਵਿੱਚ ਇੱਕ ਧਿਰ ਵਿਕਟੋਰੀਆ ਤੋਂ ਬਾਹਰ ਹੈ ਜਾਂ ਅਸੀਂ ਵਿਕਟੋਰੀਆ ਤੋਂ ਬਾਹਰ ਮੁਕੱਦਮੇ ਵਿੱਚ ਸ਼ਾਮਲ ਹਾਂ। ਵਿਕਟੋਰੀਆ ਤੋਂ ਬਾਹਰ ਰਹਿੰਦੇ ਲੋਕ ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਵਿਖੇ ਕੰਮ ਕਰਨ ਲਈ ਅਰਜ਼ੀ ਦੇ ਸਕਦੇ ਹਨ। ਅਸੀਂ ਸਰਹੱਦ ਪਾਰ ਡੇਟਾ ਭੇਜਣ ਬਾਰੇ ਗੁਪਤਤਾ ਦੀ ਸੁਰੱਖਿਆ ਕਰਨ ਲਈ ਸਾਵਧਾਨ ਹਾਂ।

# ਤੁਹਾਡੀ ਨਿੱਜੀ ਜਾਣਕਾਰੀ ਦੇ ਸਾਡੇ ਪ੍ਰਬੰਧਨ ਬਾਰੇ ਸਾਡੇ ਕੋਲ ਸ਼ਿਕਾਇਤ ਕਿਵੇਂ ਕਰਨੀ ਹੈ

27. ਜੇਕਰ ਤੁਸੀਂ ਇਸ ਗੱਲ ਤੋਂ ਨਾਖੁਸ਼ ਹੋ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਿਆ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ। ਅਸੀਂ ਸਾਰੀਆਂ ਸ਼ਿਕਾਇਤਾਂ ਨੂੰ ਜਲਦੀ ਅਤੇ ਨਿਰਪੱਖ ਢੰਗ ਨਾਲ ਹੱਲ ਕਰਨਾ ਚਾਹੁੰਦੇ ਹਾਂ।

28. ਕਮਿਸ਼ਨ ਦਾ ਸਟਾਫ਼ ਮੈਂਬਰ ਇਸ ਬਾਰੇ ਸ਼ਿਕਾਇਤ ਕਰ ਸਕਦਾ ਹੈ ਕਿ ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਵਿਖੇ ਉਨ੍ਹਾਂ ਦੀ ਜਾਣਕਾਰੀ ਨੂੰ ਕਿਵੇਂ ਸੰਭਾਲਿਆ ਜਾਂਦਾ ਹੈ। ਤੁਸੀਂ ਆਪਣੀਆਂ ਚਿੰਤਾਵਾਂ ਬਾਰੇ ਚਰਚਾ ਕਰਨ ਲਈ ਗੁਪਤਤਾ ਕੋਆਰਡੀਨੇਟਰ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਇਸ ਬਾਰੇ ਆਪਣੇ ਮੈਨੇਜਰ ਨਾਲ ਵੀ ਚਰਚਾ ਕਰ ਸਕਦੇ ਹੋ। ਉਹ ਇਸਨੂੰ ਹੱਲ ਕਰਨ ਲਈ ਤੁਹਾਡੇ ਨਾਲ ਮਿਲਕੇ ਕੰਮ ਕਰਨਗੇ।

29. ਤੁਸੀਂ 1300 891 848 'ਤੇ ਫ਼ੋਨ ਕਰਕੇ ਅਤੇ ਗੁਪਤਤਾ ਕੋਆਰਡੀਨੇਟਰ ਨਾਲ ਗੱਲ ਕਰਨ ਲਈ ਕਹਿ ਕੇ ਇਸ ਬਾਰੇ ਸ਼ਿਕਾਇਤ ਕਰ ਸਕਦੇ ਹੋ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਿਆ ਹੈ।

    ਜਾਂ ਤੁਸੀਂ ਸਾਨੂੰ ਹੇਠ ਲਿਖੇ ਪਤੇ 'ਤੇ ਚਿੱਠੀ ਲਿਖ ਸਕਦੇ ਹੋ:
    Privacy Coordinator
    ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ (Victorian Equal Opportunity and Human Rights Commission)
    Level 3, 204 Lygon Street
    Carlton, Victoria, 3053
    ਈ-ਮੇਲ: privacy@veohrc.vic.gov.au

# ਜੇਕਰ ਤੁਸੀਂ ਇਸ ਗੱਲ ਤੋਂ ਨਾਖੁਸ਼ ਹੋ ਕਿ ਅਸੀਂ ਤੁਹਾਡੀ ਗੁਪਤਤਾ ਸੰਬੰਧੀ ਸ਼ਿਕਾਇਤ ਨਾਲ ਕਿਵੇਂ ਨਜਿੱਠਦੇ ਹਾਂ, ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ

30. ਜੇਕਰ ਤੁਸੀਂ ਇਸ ਗੱਲ ਤੋਂ ਨਾਖੁਸ਼ ਹੋ ਕਿ ਅਸੀਂ ਤੁਹਾਡੀ ਗੁਪਤਤਾ ਸ਼ਿਕਾਇਤ ਨਾਲ ਕਿਵੇਂ ਨਜਿੱਠਿਆ ਹੈ, ਤਾਂ ਤੁਸੀਂ ਵਿਕਟੋਰੀਆਈ ਸੂਚਨਾ ਕਮਿਸ਼ਨਰ ਜਾਂ ਸਿਹਤ ਸ਼ਿਕਾਇਤ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ। ਵਿਕਟੋਰੀਆਈ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਟਾਫ਼ ਮੈਂਬਰ ਵੀ ਸ਼ਿਕਾਇਤ ਕਰ ਸਕਦੇ ਹਨ।
    **ਵਿਕਟੋਰੀਆਈ ਸੂਚਨਾ ਕਮਿਸ਼ਨਰ ਦਾ ਦਫ਼ਤਰ - ਗੁਪਤਤਾ ਅਤੇ ਡੇਟਾ ਸੁਰੱਖਿਆ**
    ਟੈਲੀਫ਼ੋਨ: 1300 006 842
    ਈ-ਮੇਲ: enquiries@ovic.vic.gov.au
    ਵੈੱਬਸਾਈਟ: ovic.vic.gov.au
    ਪਤਾ: PO Box 24274, Melbourne, VIC, 3001

31. ਜੇਕਰ ਤੁਹਾਡੀ ਸ਼ਿਕਾਇਤ ਸਿਹਤ ਸੰਬੰਧੀ ਜਾਣਕਾਰੀ ਨਾਲ ਸੰਬੰਧਿਤ ਹੈ, ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ।
    **ਸਿਹਤ ਸੰਬੰਧੀ ਸ਼ਿਕਾਇਤਾਂ ਦਾ ਕਮਿਸ਼ਨਰ**
    ਟੈਲੀਫ਼ੋਨ: 1300 582 113
    ਵੈੱਬਸਾਈਟ: hcc.vic.gov.au
    ਪਤਾ: Level 26, 570 Bourke Street, Melbourne, VIC, 3000

*ਨਵੰਬਰ 2019 ਨੂੰ ਅੱਪਡੇਟ ਕੀਤਾ ਗਿਆ*